## ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ...

- 10 ਸਾਲ ਤੋਂ ਘੱਟ ਉਮਰ ਦੇ ਸਾਈਕਲ ਸਵਾਰਾਂ ਨੂੰ ਸੜਕ ਦੇ ਕਿਨਾਰੇ ਅਤੇ ਹੋਰ ਅਧਿਕਾਰਤ ਮਾਰਗਾਂ ਦੇ ਆਲੇ-ਦੁਆਲੇ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਜਦੋਂ ਉਹ ਸੜਕ ਦੇ ਕਿਨਾਰੇ ਤੇ ਹੋਣ ਉਹਨਾਂ ਨੂੰ ਉਥੇ ਆਪਣੀ ਸਪੀਡ ਦੂਜੇ ਸਵਾਰਾ ਦੇ ਸਮਾਨ ਰੱਖਣੀ ਪਾਏਗੀ।
- ਸ਼ਹਿਰੀ ਸੜਕ ਤੇ 16 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ, ਹੈਲਮੈਟ ਵਰਤੋਂ ਲਾਜ਼ਮੀ ਹੈ। ਬਾਲਗਾਂ ਲਈ, ਇਸ ਦੀ ਵਰਤੋਂ ਲਾਜ਼ਮੀ ਨਹੀ ਹੈ, ਪਰ ਵਰਤੋਂ ਦੀ ਸਲਾਹ ਦਿੱਤੀ ਜਾਂਦੀ ਹੈ।
- ਸਾਈਕਲ ਸਵਾਰਾ ਨੂੰ ਸ਼ਹਿਰੀ ਸੜਕ ਤੇ ਸਾਈਕਲ ਚਲਾਉਂਦੇ ਸਮੇਂ ਚਮਕੀਲੀ ਜੈਕਟ ਯਾ ਚਮਕਦਾਰ ਸਮਾਣ ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਕੀ ਦੂਸਰੇ ਸਵਾਰਾਂ ਨੂੰ ਦਿਖਾਈ ਦੇ ਸੱਕਣ।
- ਜਿਆਦਾਤਰ ਸੜਕ ਦੇ ਕਿਨਾਰੇ ਸੱਜੇ ਪਾਸੇ, ਜਾਂ ਇੱਕ ਕਤਾਰ ਵਿੱਚ, ਯਾ ਜਦੋਂ ਘੱਟ ਦਖਿਾਈ ਦੇਵੇ ਪੂਰੀ ਤਰਾਂ ਦਿਖਾਈ ਨਾ ਦਵੇ ਅਤੇ ਜਦੋ ਬਹੁਤ ਭੀੜ ਯਾ ਆਵਾਜਾਈ ਹੋਏ, ਉਸ ਵੇਲੇ ਸਾਈਕਲ ਸਮਾਨਾਂਤਰ ਦਿਸ਼ਾ ਪਰਿਸੰਚਰਣ ਕਰ ਸਕਦਾ ਹੈ।
- ਜੇਕਰ ਕਦੀ ਸਫ਼ਰ ਦੌਰਾਨ ਤੁਹਾਨੂੰ ਸੜਕ ਦੇ ਕਿਨਾਰੇ ਯਾਤਰਾ ਕਰਨੀ ਪਵੇ ਤਾਂ ਤੁਹਾਨੂੰ ਆਪਣੀ ਸਾਈਕਲ ਤੋਂ ਨਿੱਚੇ ਉਤਰ ਕੇ ਓਹਨੂੰ ਪੈਦਲ ਧਕੇਲ ਕੇ ਲੈ ਜਾਣਾ ਪਵੇਗਾ।
- ਵਾਹਣ ਦੀ ਮੌਜੂਦਗੀ ਦੀ ਪੈਦਲ ਯਾਤਰੀਆਂ ਅਤੇ ਦੂਜੇ ਡ੍ਰਾਈਵਰਾਂ ਨੂੰ ਚੇਤਾਵਨੀ ਦੇਣ ਲਈ ਸਾਈਕਲ ਤੇ ਘੰਟੀ ਲਗਾਓ।
- ਚੋਰੀ ਅਤੇ ਸਿਵਲ ਜਿੱਮੇਵਾਰੀ ਲਈ ਬੀਮੇ ਦੀ ਸਲਾਹ ਦਿੱਤੀ ਜਾਂਦੀ ਹੈ। ਜਾਂਚ ਕਰਲੋ ਇਹ ਤੁਹਾਡੇ ਘਰ ਯਾ ਫੈਮਲਿ ਦਾ ਬੀਮਾ ਦੇ ਵਿੱਚ ਸ਼ਾਮਿਲ ਹੈ।
- ਸਾਈਕਲ ਚਲਾਉਣ ਲਈ, ਤੁਹਾਨੂੰ ਇੱਕ ਪਛਾਣ ਦਸਤਾਵੇਜ਼ (DNI ...) ਰੱਖਣਾ ਚਾਹੀਦਾ ਹੈ।
- ਕਿਸੇ ਦੁਰਘਟਨਾ ਦੇ ਮਾਮਲੇ ਵਿੱਚ ਮਹੱਤਵਪੂਰਨ ਹੈ ਕੇ ਸ਼ਾਂਤ ਰਹੋ , ਅਤੇ ਵਾਹਣ ਦਾ ਨੰਬਰ ਜੋ ਇਸ ਦੁਰਘਟਣਾ ਦੇ ਵਿੱਚ ਸ਼ਾਮਿਲ ਹੈ ਅਤੇ ਗਵਾਹ ਜਿਨ੍ਹਾਂ ਨੇ ਦੇਖਿਆ ਹੋਵੇ ਇਸ ਸਭ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।
- ਪੂਰੇ ਵਿਕ ਸ਼ਹਿਰ ਵਿੱਚ ਵਰਤਮਾਨ ਸਮੇਂ ਤੇ ਸਾਈਕਲ ਮਾਰਗ ਦੀ ਲੰਬਾਈ 35 ਕਲਿੋਮੀਟਰ ਹੈ।

MOU-TE Com cal

## ਆਪਣੇ ਸਾਈਕਲ ਨੂੰ ਚੋਰੀ ਤੋਂ ਬਚਾਉਣ

ਲਈ ਇਸ ਵੈੱਬ ਪੇਜ **www.biciregistro.es**
ਤੇ ਰਜਿਸਟਰ ਕਰੋ ਅਤੇ
ਅਜੁੰਨਤਾਮੈਂਟ ਦੇ ਦਫਤਰ ਤੋਂ ਜਾਕੇ
ਆਪਣੀ ਪਛਾਣ ਕਿੱਟ ਲਵੋ
ਅਜੁੰਨਤਾਮੈਂਟ ਦਾ ਪਤਾ :
Calle de la Ciutat, 1 o Calle Virrei Avilés, 34.

### ਸਾਨੂ ਸੂਚਤਿ ਕਰੋ (ਸੰਪਰਕ ਕਰਨ ਲਈ)

**@vic_ciutadania**
**convivencia@vic.cat**
**93 886 21 00**
**Agents Cívics (C. Era d'en Sellés, 10)**

ਅਪ ਟੂ ਡੇਟ (ਸੋਸ਼ਲ ਨੈਟਵਰਕਸ ਨੂੰ ਸੰਕੇਤ ਕਰਦਾ ਹੈ)

ajuntament.vic | @ajvic | ajuntament de vic | www.vic.cat

# ਸਾਈਕਲ ਚਲਾਉਣ ਲਈ ਸੁਜਾਵ ਅਤੇ ਸਲਾਹ



Ajuntament de Vic

Vic, ciutat a la mesura humana

## ਅਧਿਕਾਰ

- ਸਾਈਕਲ ਦੀ ਲੈਣ ਨੂੰ ਸਾਈਕਲ ਚਲਾਉਣ ਵਾਲਿਆਂ ਵਾਸਤੇ ਖਾਲੀ ਰੱਖ।
- ਸਾਈਕਲਾਂ ਲਈ ਵਿਸ਼ੇਸ਼ ਪਾਰਕਿੰਗ ਦਾ ਅਨੰਦ ਮਾਣੋ।
- ਮੋਟਰ ਵਾਹਨ ਉਪਭੋਗਤਾਵਾਂ ਦੁਆਰਾ ਸਤਿਕਾਰ।


## ਕਰ੍ਤਵ੍ਯ / ਜਿੰਮੇਵਾਰੀ

- ਸੜਕ ਯਾਂ ਸਾਈਕਲ ਲੇਨ ਵਾਹਨਾਂ ਦੇ ਜਾਣ ਦੀ ਦਿਸ਼ਾ ਵਿੱਚ ਚੱਲੋ।
- ਰਾਖਵੀ ਪਾਰਕਿੰਗ ਸਥਾਨਾਂ ਵਿੱਚ ਸਾਈਕਲਾਂ ਨੂੰ ਪਾਰਕ ਕਰੋ।


## ਇਹ ਵਰਜਿਤ ਹ

- ਸਹਿਰੀ ਫਰਨੀਚਰ ਨਾਲ ਸਾਈਕਲਾਂ ਨੂੰ ਤਾਲਾ ਲਗਾਉਣਾ।
- ਵਾਹਨਾਂ ਦੀ ਉਲਟ ਦਸ਼ਿਾ ਵੱਲ ਚਲਣਾ।
- ਸੜਕ ਤੇ ਸਾਈਕਲ ਦੇ ਵਿੱਚਕਾਰ ਮੁਕਾਬਲਾ ਕਰਨਾ।
- ਸਾਈਕਲ ਚਲਾਂਦੇ ਦੌਰਾਨ ਫੋਨ ਤੇ ਗੱਲ ਕਰਨਾ ਯਾ ਹੈੱਡਫੋਨ ਵਰਤਣਾ।
- ਸ਼ਰਾਬ , ਮਨੋਵਗਿਆਿਨਕ ਦਵਾਈ ਜਾਂ ਨਸ਼ੀਲੇ ਪਦਾਰਥਾਂ ਦੇ ਪ੍ਰਭਾਵਾਂ ਦੇ ਤਹਿਤ ਸਾਈਕਲ ਚਲਾਣਾ।
- ਪ੍ਰਾਥਮਿਕਤਾ ਵਾਲੇ ਖੇਤਰਾਂ ਅਤੇ ਰਿਹਾਇਸ਼ੀ ਸੜਕਾਂ ਵਿੱਚ 20 ਕਲਿੋਮੀਟਰ / ਘੰਟਾ ਦੀ ਸਪੀਡ ਤੋਂ ਜ਼ਿਆਦਾ ਤੇਜ਼ ਵਾਹਣ ਚਲਾਉਣਾ।
- ਨਿਯਮਾਂ ਦੀ ਪਾਲਣਾ ਨਾ ਕਰਨ ਤੇ 750€ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ।


## ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ...




ਦੁਰਘਟਨਾਵਾਂ ਤੋਂ ਬਚਣ ਲਈ ਵਾਹਨਾਂ, ਸਾਈਡਵਾਕ ਅਤੇ ਖੜ੍ਹੀਆਂ ਕਾਰਾਂ ਨਾਲ ਇੱਕ ਸੁਰੱਖਿਅਤ ਦੂਰੀ ਰੱਖੋ।




ਸੜਕ ਪਾਰ ਕਰ ਰਹੇ ਲੋਕਾਂ ਦਾ ਸੰਮਾਂਨ ਕਰੋ ਜਦੋ ਉਹ ਸੜਕ ਦੇ ਕਿਨਾਰੇ ਅਤੇ ਸੜਕ ਪਾਰ ਕਰ ਰਹੇ ਹੋਣ, ਓਹਨਾ ਨੂੰ ਪਹਿਲ ਦਿਓ।



ਸਰਿਫ ਸਾਈਕਲ ਲੈਣੇ ਦੁਆਰਾ ਸੜਕ ਨੂੰ ਪਾਰ ਕਰੋ, ਪੈਦਲ ਯਾਤਰੀ ਕ੍ਰਾਸਿੰਗ ਦੁਆਰਾ ਨਹੀ।




ਜਦੋਂ ਤੁਸੀ ਰੁਕਣਾ ਹੋਵੇ, ਮੋੜ ਕੱਟੋ, ਦਸ਼ਿਾ ਬਦਲੋ ਅਤੇ ਵਾਹਣ ਨੂੰ ਪਾਰ ਕਰੋ ਉਸ ਵੱਕਤ ਦੂਸਰੇ ਚਾਲਕਾਂ ਨੂੰ ਇਤਲਾਹ ਕਰਨ ਲਈ ਇਸ਼ਾਰਾ ਕਰੋ।



ਇਹ ਵਰਜਿਤ ਹ
ਸੜਕ ਦੇ ਕਿਨਾਰੇ ਤੇ ਚਲਣਾ, ਸਿਵਾਏ ਜੇਕਰ ਤੁਸੀ ਪੈਦਲ ਚੱਲ ਰਹੇ ਹੋ ਜਾਂ ਸਾਈਕਲ ਧਕੇਲ ਰਹੇ ਹੋ।




ਰਾਤ ਨੂੰ ਸਫਰ ਦੌਰਾਨ ਯਾ ਜਦੋ ਕੁਦਰਤੀ ਰੋਸ਼ਨੀ ਘੱਟ ਹੋਵੇ ਉਸ ਸਮੇਂ ਸਾਈਕਲ ਦੇ ਅੱਗੇ ਅਤੇ ਪਿੱਛੇ ਦੋਵਾਂ ਹਿੱਸੇਆ ਉਪਰ ਲਾਈਟ ਲਗਾਉ ਅਤੇ ਚਮਕੀਲੀ ਵਸਤੂਆਂ ਦੀ ਵਰਤੋਂ ਕਰੋ।




ਜਨਤਕ ਥਾਵਾਂ ਪਾਰਕ, ਬਗਿਚਾ ਆਦਿ ਜੋ ਪੈਦਲ ਤੁਰਨ ਵਾਲਿਆਂ ਲਈ ਹੈ,ਉਹਣਾ ਥਾਵਾਂ ਉੱਤੇ ਸਫਰ ਨਾ ਕਰੋ।



ਸਾਈਕਲ ਦੀ ਪਛਾਣ ਲਈ ਕੋਈ ਨਿਸ਼ਾਨ ਯਾਂ ਕੋਈ ਤੱਤ ਦੀ ਵਰਤੋਂ ਕਰੋ ਅਤੇ ਚੋਰੀ ਤੋਂ ਬਚਾਉਣ ਲਈ ਖਰੀਦ ਪਰਚੀ ਦੀ ਇੱਕ ਫੋਟੋ ਕਾਪੀ ਸੰਭਾਲ ਕੇ ਰੱਖੋ।



ਸਾਰੇ ਟ੍ਰੈਫਿਕ ਨਿਯਮਾਂ ਦਾ ਆਦਰ ਕਰੋ।



ਜਾਣ ਤੋਂ ਪਹਲਿਾਂ ਟਾਇਰਾਂ, ਬ੍ਰੇਕ ਅਤੇ ਸਾਈਕਲ ਦੀ ਰੋਸ਼ਨੀ ਚੈੱਕ ਕਰੋ।